**OFFICE OF THE SENIOR SUPERINTENDENT OF POLICE, DISTRICT RUPNAGAR**

**Contact us on:-**
Office : 01881-220119
Facebook : @RupnagarPolice
Twitter : @RupnagarPolice
Instragram : @RupnagarPolice
Whatsapp : 77430-11701

# ਪ੍ਰੈਸ ਨੋਟ

ਅੱਜ ਮਿਤੀ 13.01.2022 ਨੂੰ ਸ਼੍ਰੀ ਵਿਵੇਕ ਐਸ. ਸੋਨੀ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਰੂਪਨਗਰ ਵੱਲੋ ਪ੍ਰੈਸ ਨੋਟ ਰਾਂਹੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਵਿਧਾਨ ਸਭਾ ਚੋਣਾ ਨੂੰ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਜਿਲ੍ਹਾ ਪੁਲਿਸ ਰੂਪਨਗਰ ਪੂਰੀ ਤਰਾਂ ਵਚਨਬੱਧ ਹੈ। ਇਸ ਵਚਨਬੱਧਤਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਸ ਜਿਲ੍ਹਾ ਨੂੰ ਦੋ ਪੈਰਾ ਮਿਲਟਰੀ ਫੌਰਸ ਸੀ.ਆਈ.ਐਸ.ਐਫ ਦੀਆਂ ਕੰਪਨੀਆਂ ਮਿਲੀਆਂ ਹੋਈਆਂ ਹਨ, ਜਿਨ੍ਹਾਂ ਦੀ ਕੁੱਲ ਗਿਣਤੀ 182 ਹੈ।, ਜਿਨ੍ਹਾਂ ਵਿੱਚ 2 ਡੀ.ਐਸ.ਪੀ, 2 ਇੰਸਪੈਕਟਰ, 3 ਸਬ-ਇੰਸਪੈਕਟਰ, 3 ਏ.ਐਸ.ਆਈ., 30 ਹੋਲਦਾਰ ਅਤੇ 142 ਸਿਪਾਹੀ ਹਨ। ਜਿਲ੍ਹਾ ਪੁਲਿਸ ਰੂਪਨਗਰ ਵੱਲੋ ਇਹ ਪੈਰਾ ਮਿਲਟਰੀ ਫੋਰਸ ਜਿਲ੍ਹਾ ਰੂਪਨਗਰ ਦੇ ਬਾਰਡਰ ਨਾਲ ਲੱਗਦੇ ਅੰਤਰਰਾਜੀ ਨਾਕੇ ਜਿਵੇ ਕਿ ਅਜੋਲੀ ਮੌੜ, ਕਲਸੇੜਾ, ਭਿਬੋਰ ਸਾਹਿਬ, ਨੇੜੇ ਐਮ.ਪੀ. ਕੋਠੀ ਨੰਗਲ, ਰਾਮਪੁਰ ਝੱਜਰ ਨੇੜੇ ਭੂਰੀ ਵਾਲਿਆ ਦਾ ਡੇਰਾ, ਟੀ-ਪੁਆਇੰਟ ਦੇਹਣੀ ਅਤੇ ਦਬੋੜਾ ਮੋੜ ਪਰ ਤਿੰਨ ਸ਼ਿਫਟਾ ਵਿੱਚ 24 ਘੰਟੇ ਡਿਊਟੀ ਪਰ ਲਗਾਏ ਗਏ ਹਨ, ਜਿਨ੍ਹਾ ਵਲੋ ਅੰਤਰਰਾਜੀ ਸਰਹੱਦ ਤੋ ਜਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਆਉਣ ਵਾਲੇ ਹਰੇਕ ਵਿਅਕਤੀ/ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਅੰਤਰਰਾਜੀ ਨਾਕਿਆ ਪਰ ਸੀ.ਸੀ.ਟੀ.ਵੀ. ਕੈਮਰੇ ਵੀ ਲਗਾਏ ਜਾ ਰਹੇ ਹਨ, ਜਿਨ੍ਹਾਂ ਦੀ ਪ੍ਰਭਾਵੀ ਢੰਗ ਨਾਲ ਮੋਨੀਟਰਿੰਗ ਕੀਤੀ ਜਾਵੇਗੀ।ਇਸ ਤੋਂ ਇਲਾਵਾ ਵੁਲਨਰੇਬਲ ਪੁਆਇੰਟਾਂ, ਰੈੱਡ ਅਲਰਟ ਅਤੇ ਸਿਟੀ ਸੀਲਿੰਗ ਪੁਆਇੰਟਾਂ ਤੇ ਵੀ ਸਮੇਂ-ਸਮੇਂ ਤੇ ਨਾਕਾਬੰਦੀ ਕੀਤੀ ਜਾ ਰਹੀ ਹੈ। ਮਾਰਕੀਟਾਂ ਅਤੇ ਬਜਾਰਾਂ ਵਿੱਚ ਪੈਟਰੋਲਿੰਗ ਅਤੇ ਫਲੈਗ ਮਾਰਚ ਵੀ ਕੱਢੇ ਜਾ ਰਹੇ ਹਨ।

ਇਸ ਤੋ ਇਲਾਵਾ ਰੂਪਨਗਰ ਪੁਲਿਸ ਵਲੋ ਵੀ ਤਕਰੀਬਨ 150 ਪੁਲਿਸ ਅਧਿਕਾਰੀ/ਕਰਮਚਾਰੀ ਜਿਨ੍ਹਾ ਵਿੱਚ 3 ਐਸ.ਪੀ., 8 ਡੀ.ਐਸ.ਪੀ., 10 ਇੰਸਪੈਕਟਰ, 40 ਐਨ.ਜੀ.ਓ, 30 ਹੌਲਦਾਰ ਅਤੇ 60 ਸਿਪਾਹੀ ਫਲਾਇੰਗ ਸਕਾਡ ਟੀਮਾਂ, ਨਾਕਾਬੰਦੀਆਂ ਅਤੇ ਹਾਈਵੇ ਪੈਟਰੋਲਿੰਗ ਤੇ ਤਾਇਨਾਤ ਕੀਤੇ ਗਏ ਹਨ।

ਅਸੀਂ ਜਿਲ੍ਹਾ ਰੂਪਨਗਰ ਦੇ ਵਾਸੀਆਂ ਨੂੰ ਅਪੀਲ ਕਰਦੇ ਹਾਂ ਕਿ ਜੇਕਰ ਉਨ੍ਹਾ ਨੂੰ ਚੋਣਾ ਦੇ ਸਬੰਧ ਵਿੱਚ ਕਿਸੇ ਸ਼ਰਾਰਤੀ ਅਨਸਰ ਬਾਰੇ ਕੋਈ ਵੀ ਸੂਚਨਾ ਮਿਲਦੀ ਹੈ ਤਾਂ ਉਸ ਬਾਰੇ ਤੁਰੰਤ ਹੇਠ ਲਿਖੇ ਨੰਬਰਾ ਤੇ ਜਿਲ੍ਹਾ ਪੁਲਿਸ ਨੂੰ ਸੂਚਿਤ ਕਰਕੇ ਜਿਲ੍ਹਾ ਪ੍ਰਸ਼ਾਸ਼ਨ ਰੂਪਨਗਰ ਨੂੰ ਪੰਜਾਬ ਵਿਧਾਨ ਸਭਾ ਚੋਣਾ ਸ਼ਾਂਤੀਪੂਰਵਕ ਨੇਪਰੇ ਚਾੜਣ ਵਿੱਚ ਆਪਣਾ ਵੱਡਮੁੱਲਾ ਸਹਿਯੋਗ ਦੇਣ।

ਜਿਲ੍ਹਾ ਪੁਲਿਸ ਕੰਟਰੋਲ ਰੂਮ

97794-64100

01881-221273